Vigilance Bureau Punjab

# Vigilance nabs Jail warder for taking bribe

Chandigarh, September 25: State Vigilance Bureau nabbed a Jail warder posted at district jail Barnala red handed while accepting bribe of Rs 17,000.

Disclosing this here an official spokesperson of the Vigilance Bureau said Jail warder Harmanpreet Singh was arrested on the complaint of Major Singh of village Saidoke in Moga district. He informed that the complainant has approached the VB and said that his son is undergoing 20 years of imprisonment in Barnala Jail and has came to home to spend his clemency leave for 34 days but became ill. In order to increase the leave on the basis of a medical certificate, the jail warder was demanding Rs 20,000 and the deal was struck at Rs 17,000.

The spokesperson said after verifying his information, the vigilance team laid a trap and the accused jail warder was arrested on the spot taking bribe of Rs. 17,000 from the complainant in the presence of two official witnesses.

He informed that a case under Prevention of Corruption Act has been registered against the accused at VB police station Patiala and further investigation was under progress.

----------

ਵਿਜੀਲੈਂਸ ਬਿਓਰੋ ਪੰਜਾਬ

**ਵਿਜੀਲੈਂਸ ਨੇ ਰਿਸ਼ਵਤ ਲੈਂਦਾ ਜੇਲ ਵਾਰਡਰ ਰੰਗੇ ਹੱਥੀਂ ਦਬੋਚਿਆ**

ਚੰਡੀਗੜ੍ਹ, 25 ਸਤੰਬਰ : ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਜਿਲਾ ਜੇਲ ਬਰਨਾਲਾ ਵਿਖੇ ਤਾਇਨਾਤ ਜੇਲ ਵਾਰਡਰ ਹਰਮਨਪ੍ਰੀਤ ਸਿੰਘ ਨੂੰ 17,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਜੇਲ ਵਾਰਡਰ ਨੂੰ ਸ਼ਿਕਾਇਤਕਰਤਾ ਮੇਜਰ ਸਿੰਘ ਵਾਸੀ ਪਿੰਡ ਸੈਦੋਕੇ, ਮੋਗਾ ਦੀ ਸ਼ਿਕਾਇਤ ’ਤੇ ਫ਼ੜਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸ ਦਾ ਪੁੱਤਰ ਜੋ ਕਿ ਬਰਨਾਲਾ ਜੇਲ ਵਿਖੇ 20 ਸਾਲ ਦੀ ਕੈਦ ਕੱਟ ਰਿਹਾ ਹੈ ਅਤੇ 34 ਦਿਨਾਂ ਦੀ ਮੰਜੂਰਸ਼ੁਦਾ ਛੁੱਟੀ ਕੱਟਣ ਲਈ ਘਰ ਆਇਆ ਅਤੇ ਬਿਮਾਰ ਹੋ ਗਿਆ। ਮੈਡੀਕਲ ਸਰਟੀਫਿਕੇਟ ਦੇ ਅਧਾਰ ’ਤੇ ਛੁੱਟੀ ਵਿਚ ਵਾਧਾ ਕਰਨ ਬਦਲੇ ਉਕਤ ਜੇਲ ਵਾਰਡਰ 20,000 ਰੁਪਏ ਦੀ ਮੰਗ ਕਰ ਰਿਹਾ ਹੈ ਅਤੇ ਸੌਦਾ 17,000 ਰੁਪਏ ਵਿਚ ਤੈਅ ਹੋਇਆ ਹੈ।

ਵਿਜੀਲੈਂਸ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਜੇਲ ਵਾਰਡਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 17,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ ‘ਤੇ ਹੀ ਦਬੋਚ ਲਿਆ। ਉਨਾਂ ਦੱਸਿਆ ਕਿ ਦੋਸ਼ੀ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।